# ਰੁਕੋ ਅਤੇ ਸੋਚੋ

ਇਸ ਆਗਾਮੀ ਜਨਮਤ ਸੰਗ੍ਰਹਿ ਦੇ ਦੌਰਾਨ

**ਸਰੋਤ ਦੀ ਜਾਂਚ ਕਰੋ**

ਜਨਮਤ ਸੰਗ੍ਰਹਿ ਦੇ ਦੌਰਾਨ ਤੁਹਾਨੂੰ ਅਜਿਹੀ ਜਾਣਕਾਰੀ ਮਿਲ ਸਕਦੀ ਹੈ ਜਿਸ ਦੇ ਕੋਈ ਸਬੂਤ ਨਹੀਂ ਹਨ, ਸੰਦਰਭ ਗੁੰਮ ਹੈ ਜਾਂ ਜਾਣ ਬੁੱਝ ਕੇ ਗੁੰਮਰਾਹਕੁੰਨ ਹੈ। ਚੰਗੀ ਤਰ੍ਹਾਂ ਜਾਣੂ ਹੋਣ ਲਈ, ਜਾਣਕਾਰੀ ਨੂੰ ਵੇਖਦੇ ਸਮੇਂ ਇੱਕ ਆਲੋਚਨਾਤਮਕ ਵਿਚਾਰਕ ਬਣੋ ਅਤੇ ਇਸ ਬਾਰੇ ਸੋਚੋ ਕਿ ਇਹ ਜਾਣਕਾਰੀ ਸਹੀ ਅਤੇ ਸੱਚੀ ਹੈ।

## ਗ਼ਲਤ-ਜਾਣਕਾਰੀ ਦੀਆਂ ਚਾਲਾਂ

ਗਲਤ ਜਾਣਕਾਰੀ ਜਾਣ ਬੁੱਝ ਕੇ ਜਨਤਕ ਰਾਏ ਨੂੰ ਗੁੰਮਰਾਹ ਕਰਨ ਅਤੇ ਪ੍ਰਭਾਵਿਤ ਕਰਨ ਲਈ ਤਿਆਰ ਕੀਤੀ ਗਈ ਝੂਠੀ ਜਾਣਕਾਰੀ ਹੈ, ਅਤੇ ਗਲਤ ਜਾਣਕਾਰੀ ਆਪਣੇ ਆਪ ਨਹੀਂ ਫੈਲਦੀ ਹੈ। ਗਲਤ ਜਾਣਕਾਰੀ ਫੈਲਾਉਣ ਦੀ ਕੋਸ਼ਿਸ਼ ਕਰਨ ਵਾਲੇ ਲੋਕ ਜਾਣਬੁੱਝ ਕੇ ਤੁਹਾਨੂੰ ਗੁੰਮਰਾਹ ਕਰਨ ਲਈ ਹੇਠ ਲਿਖੀਆਂ ਕੁਝ ਚਾਲਾਂ ਦੀ ਵਰਤੋਂ ਕਰ ਸਕਦੇ ਹਨ:

### ਸਿਰਫ ਸਵਾਲ ਪੁੱਛ ਕੇ

ਲੋਕ ਬਿਨਾਂ ਕੋਈ ਸਬੂਤ ਦਿੱਤੇ ਕਿਸੇ ਚੀਜ਼ 'ਤੇ ਸ਼ੱਕ ਕਰਨ ਲਈ ਜਾਣਬੁੱਝ ਕੇ ਸਵਾਲ ਪੁੱਛ ਸਕਦੇ ਹਨ। ਹਾਲਾਂਕਿ ਪੁੱਛੇ ਗਏ ਜ਼ਿਆਦਾਤਰ ਸਵਾਲ ਜਾਇਜ਼ ਹਨ, ਪਰ ਗਲਤ ਵਿਸ਼ਵਾਸ ਜਾਂ ਬਹੁਤ ਹੀ ਅਸੰਭਵ ਸਥਿਤੀਆਂ ਬਾਰੇ ਪੁੱਛੇ ਗਏ ਸਵਾਲਾਂ ਲਈ ਚੁਕੰਨੇ ਰਹੋ। ਰੁਕੋ ਅਤੇ ਵਿਚਾਰ ਕਰੋ ਕਿ ਸਵਾਲ ਕਿਉਂ ਪੁੱਛਿਆ ਜਾ ਰਿਹਾ ਹੈ।

### ਭਾਵਨਾਤਮਕ ਭਾਸ਼ਾ

ਤਿੱਖੀ ਭਾਸ਼ਾ ਜੋ ਗੁੱਸੇ ਜਾਂ ਡਰ ਵਰਗੀਆਂ ਨਕਾਰਾਤਮਕ ਭਾਵਨਾਵਾਂ ਨੂੰ ਉਜਾਗਰ ਕਰਦੀ ਹੈ, ਸਮੱਗਰੀ ਨੂੰ ਵਾਇਰਲ ਕਰਨਾ (ਫੈਲਾਉਣਾ) ਆਸਾਨ ਬਣਾ ਸਕਦੀ ਹੈ। ਜੇ ਤੁਸੀਂ ਕੋਈ ਅਜਿਹੀ ਚੀਜ਼ ਦੇਖਦੇ ਹੋ ਜਿਸ ਨਾਲ ਤੁਸੀਂ ਡੂੰਘੀ ਭਾਵਨਾਤਮਕ ਪ੍ਰਤੀਕਿਰਿਆ ਮਹਿਸੂਸ ਕਰਦੇ ਹੋ, ਤਾਂ ਰੁਕੋ ਅਤੇ ਵਿਚਾਰ ਕਰੋ ਕਿ ਕਿਉਂ।

### ਚੈਰੀ-ਪਿਕਿੰਗ (ਚੁਣਵੀਂ)

ਚੈਰੀ-ਪਿਕਿੰਗ ਉਦੋਂ ਵਾਪਰਦੀ ਹੈ ਜਦੋਂ ਜਾਣਕਾਰੀ ਬਿਨਾਂ ਸੰਦਰਭ ਦੇ ਪ੍ਰਦਾਨ ਕੀਤੀ ਜਾਂਦੀ ਹੈ, ਜਿਵੇਂ ਕਿ ਸਕ੍ਰੀਨਸ਼ੌਟਸ ਜਾਂ ਅੰਕੜੇ ਉਹਨਾਂ ਦੇ ਅਸਲ ਸਰੋਤ ਦੇ ਹਵਾਲੇ ਤੋਂ ਬਿਨਾਂ।

## ਵੋਟਰ ਵਜੋਂ ਤੁਹਾਡੀ ਭੂਮਿਕਾ

ਰੈਫਰੈਂਡਮ (ਜਨਮਤ ਸੰਗ੍ਰਹਿ) ਕਾਨੂੰਨ ਸੰਚਾਰ ਜਾਂ ਇਸ਼ਤਿਹਾਰਬਾਜ਼ੀ ਵਿੱਚ ਸੱਚਾਈ ਨੂੰ ਨਿਯੰਤ੍ਰਿਤ ਨਹੀਂ ਕਰਦੇ ਹਨ। ਇਹ ਵਿਚਾਰ ਕਰਨ ਲਈ ਸਮਾਂ ਕੱਢੋ ਕਿ ਕੀ ਇਹ ਜਾਣਕਾਰੀ:

### ਭਰੋਸੇਯੋਗ

**ਕੀ ਇਹ ਭਰੋਸੇਯੋਗ ਜਾਂ ਮਾਨਤਾ ਪ੍ਰਾਪਤ ਸਰੋਤ ਤੋਂ ਹੈ?**

ਕੀ ਤੁਸੀਂ ਜਾਣਕਾਰੀ ਦੇ ਸਰੋਤ ਨੂੰ ਜਾਣਦੇ ਹੋ? ਕੀ ਇਹ ਕਿਸੇ ਮਾਨਤਾ ਪ੍ਰਾਪਤ ਮੀਡੀਆ ਕੇਂਦਰ ਜਾਂ ਪ੍ਰਮਾਣਿਤ ਸੋਸ਼ਲ ਮੀਡੀਆ ਅਕਾਉਂਟ ਤੋਂ ਆਈ ਹੈ? ਜੇਕਰ ਤੁਸੀਂ ਨਿਸ਼ਚਿੰਤ ਨਹੀਂ ਹੋ, ਤਾਂ ਜਾਂਚ ਕਰੋ ਕਿ ਕੀ ਖਾਤਾ ਨਵਾਂ ਬਣਾਇਆ ਗਿਆ ਹੈ, ਜਾਂ ਕੀ ਇਸ ਵਿੱਚ ਕੋਈ ਹੋਰ ਪੋਸਟਾਂ ਹਨ।

### ਮੌਜੂਦਾ/ਚਲੰਤ

**ਇਹ ਕਦੋਂ ਪ੍ਰਕਾਸ਼ਤ ਹੋਈ ਸੀ?**

ਕਿਉਂ ਕਿ ਇੱਕ ਪੋਸਟ/ਲੇਖ ਅੱਜ ਸਾਂਝਾ ਕੀਤਾ ਗਿਆ ਸੀ ਇਸਦਾ ਮਤਲਬ ਇਹ ਨਹੀਂ ਹੈ ਕਿ ਇਹ ਚਲੰਤ ਹੈ। ਹਮੇਸ਼ਾਂ ਮੂਲ ਸਰੋਤ ਅਤੇ ਪ੍ਰਕਾਸ਼ਨ ਦੀ ਮਿਤੀ ਦੀ ਜਾਂਚ ਕਰੋ। ਪੁਰਾਣੀਆਂ ਪੋਸਟਾਂ/ਲੇਖ ਜੋ ਹੁਣ ਸਹੀ ਨਹੀਂ ਹੋ ਸਕਦੇ ਉਹਨਾਂ ਨੂੰ ਨਵੀਂ ਜਾਣਕਾਰੀ ਵਾਂਗ ਵਿਖਾਉਣ ਲਈ ਸਾਂਝਾ ਕੀਤਾ ਜਾ ਸਕਦਾ ਹੈ।

## AEC ਦੀ ਭੂਮਿਕਾ

AEC (ਏ ਈ ਸੀ) ਇੱਕ ਸੁਤੰਤਰ ਏਜੰਸੀ ਹੈ ਜਿਸਨੂੰ ਰੈਫਰੈਂਡਮ (ਜਨਮਤ ਸੰਗ੍ਰਹਿ) ਸੰਗ੍ਰਹਿ ਚਲਾਉਣ ਦਾ ਕੰਮ ਸੌਂਪਿਆ ਗਿਆ ਹੈ। AEC ਦੀ ਭੂਮਿਕਾ ਇਹ ਹੈ:

### ਰੈਫਰੈਂਡਮ (ਜਨਮਤ ਸੰਗ੍ਰਹਿ) ਪ੍ਰਕਿਰਿਆ ਬਾਰੇ ਭਰੋਸੇਯੋਗ ਜਾਣਕਾਰੀ ਪ੍ਰਦਾਨ ਕਰਨਾ

AEC ਸਾਡੀ ਇਸ਼ਤਿਹਾਰਬਾਜ਼ੀ ਮੁਹਿੰਮ ਰਾਹੀਂ ਨਾਮ ਦਰਜ ਕਰਵਾਉਣ ਜਾਂ ਵੋਟ ਪਾਉਣ ਬਾਰੇ, ਵੈੱਬਸਾਈਟ, ਸੰਪਰਕ ਕੇਂਦਰ ਅਤੇ ਸੋਸ਼ਲ ਮੀਡੀਆ ਖਾਤਿਆਂ (ਅਕਾਊਂਟਾਂ) ਦੀ ਜਾਣਕਾਰੀ ਤੱਕ ਆਸਾਨ ਪਹੁੰਚ ਪ੍ਰਦਾਨ ਕਰੇਗਾ। ਜੇਕਰ ਇਹਨਾਂ ਪ੍ਰਕਿਰਿਆਵਾਂ ਬਾਰੇ ਕੋਈ ਗਲਤ ਜਾਣਕਾਰੀ ਹੈ, ਤਾਂ AEC ਰਿਕਾਰਡ ਨੂੰ ਠੀਕ ਕਰਨ ਲਈ ਕਾਰਵਾਈ ਕਰੇਗਾ। ਇਹਨਾਂ ਪ੍ਰਕਿਰਿਆਵਾਂ ਤੋਂ ਬਾਹਰ - ਰੈਫਰੈਂਡਮ (ਜਨਮਤ ਸੰਗ੍ਰਹਿ) ਸੰਚਾਰ ਦੀ ਸੱਚਾਈ ਦੀ ਜਾਂਚ ਕਰਨ ਵਿੱਚ AEC ਦੀ ਕੋਈ ਭੂਮਿਕਾ ਨਹੀਂ ਹੈ।

### ਰੈਫਰੈਂਡਮ (ਜਨਮਤ ਸੰਗ੍ਰਹਿ) ਸੰਚਾਰ ਦੇ ਅਧਿਕਾਰਤ ਹੋਣ ਦੀ ਜਾਂਚ ਕਰੋ

ਉਸ ਜਾਣਕਾਰੀ ਦੇ ਸਰੋਤ ਨੂੰ ਜਾਣਨ ਵਿੱਚ ਤੁਹਾਡੀ ਮਦਦ ਕਰਨ ਲਈ ਕੁਝ ਰੈਫਰੈਂਡਮ (ਜਨਮਤ ਸੰਗ੍ਰਹਿ) ਸੰਚਾਰਾਂ ਨੂੰ ਅਧਿਕਾਰਤ ਕਰਨ ਦੀ ਲੋੜ ਹੁੰਦੀ ਹੈ

### ਹਾਂ ਅਤੇ ਨਾਂਹ ਮੁਹਿੰਮ ਸਮੱਗਰੀ

ਹਾਲਾਂਕਿ AEC ਰੈਫਰੈਂਡਮ (ਜਨਮਤ ਸੰਗ੍ਰਹਿ) ਪੈਂਫਲੈਟ ਜਾਰੀ ਕਰਨ ਲਈ ਜ਼ਿੰਮੇਵਾਰ ਹੈ, ਜਿਸ ਵਿੱਚ ਅਧਿਕਾਰਤ ਹਾਂ ਅਤੇ ਨਹੀਂ ਮੁਹਿੰਮਾਂ ਤੋਂ ਜਾਣਕਾਰੀ ਹੋਵੇਗੀ, ਪਰ ਇਹਨਾਂ ਸੰਚਾਰਾਂ ਵਿੱਚ ਸੱਚਾਈ ਨੂੰ ਨਿਯਮਤ ਕਰਨ ਵਿੱਚ AEC ਦੀ ਕੋਈ ਭੂਮਿਕਾ ਨਹੀਂ ਹੈ।